ਵਾਹਿਗੁਰੂ ਜੀ ਕੀ ਫਤਹਿ


# INSTITUTE OF SIKH STUDIES (REGD)

GURDWARA SINGH SABHA, KANTHALA, IA, PHASE II, TRIBUNE CHOWK, CHANDIGARH - 160002

Phone: +91 172 2642580, 2642581; Fax: +91 172 2642581

Email: iosschd@gmail.com; Web: www.sikhinstitute.org



S Gurdev Singh, IAS (retd)
Patron
+91 172 2600410

Dr Kirpal Singh
Chairman
Sikh History Project
+91 9316005061

EXECUTIVE COMMITTEE

Dr Birendra Kaur
President
+91 9888901024

Bhai Ashok Singh
Vice-President
+91 9814095308

S Sadhu Singh
Secretary
+91 9878019793

S Ishwinder Singh
Jt Secretary
+91 9815164749

S Gurpreet Singh
Treasurer
+91 9815193839

Bibi Baljit Kaur
Member
+91 9872923851

Lt Gen Kartar Singh PVSM
Member
+91 9814499969


Ref:IOSS/2014/April/4

ਅਪ੍ਰੈਲ 22, 2014

ਗਿਆਨੀ ਗੁਰਬਚਨ ਸਿੰਘ
ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ
ਸ੍ਰੀ ਅੰਮ੍ਰਿਤਸਰ

ਪਰਮ ਸਤਿਕਾਰਯੋਗ ਜਥੇਦਾਰ ਸਾਹਿਬ,

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ॥

ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਦਸਮ ਗ੍ਰੰਥ ਬਾਰੇ ਛਿੜਿਆ ਵਿਵਾਦ ਕਾਫੀ ਦੇਰ ਤੋਂ ਚੱਲਿਆ ਆ ਰਿਹਾ ਹੈ । ਕੁਝ ਸਿੱਖਾਂ ਦਾ ਵਿਚਾਰ ਹੈ ਕਿ ਇਹ ਲਿਖਤ ਦਸਮੇਸ਼ ਪਿਤਾ ਦੀ ਰਚਨਾ ਹੈ ਅਤੇ ਕੁਝ ਇਸ ਨੂੰ ਦਸਮ ਪਾਤਸ਼ਾਹ ਨਾਲ ਜੋੜਨਾ ਗਲਤ ਦੱਸਦੇ ਹਨ । ਸਿੱਖ ਪੰਥਕ ਮਰਿਯਾਦਾ ਦੀਆਂ ਪੰਜ ਬਾਣੀਆਂ ਵਿਚੋਂ ਤਿੰਨ - ਜਾਪੁ ਸਾਹਿਬ, ਸਵਈਏ ਅਤੇ ਚੌਪਾਈ ਇਸੇ ਗ੍ਰੰਥ ਵਿੱਚੋਂ ਹਨ । ਇਸ ਲਈ ਉਪਰੋਕਤ ਦੋਵੇਂ ਵਿਚਾਰ ਪੰਥ ਲਈ ਸਹੀ ਨਹੀਂ ਹਨ । 70ਵੀਆਂ ਵਿੱਚ ਇਸ ਬਾਰੇ ਕਈ ਵਿਚਾਰ ਗੋਸ਼ਟੀਆਂ ਦਿੱਲੀ ਵਿਖੇ ਸਰਦਾਰ ਮਾਨ ਸਿੰਘ ਮਾਨਸਰੋਵਰ ਵਾਲਿਆਂ ਨੇ ਕਰਵਾਈਆਂ ਸਨ ਜਿਸ ਵਿੱਚ ਇਹ ਵਿਚਾਰ ਉਭਰ ਕੇ ਸਾਹਮਣੇ ਆਏ ਕਿ ਸਾਰੀ ਰਚਨਾ ਦਸਮੇਸ਼ ਦੀ ਕਲਮ ਤੋਂ ਨਹੀਂ ਹੈ ।

ਇਸ ਗ੍ਰੰਥ ਨੂੰ ਸਹੀ ਤਰੀਕੇ ਨਾਲ ਵਾਚਿਆ ਜਾਵੇ ਤਾਂ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ । ਇਕ ਦਸਮੇਸ਼ ਦੀ ਆਪਣੀ ਰਚਨਾ, ਇਕ ਉਹਨਾਂ ਦੇ ਦਰਬਾਰੀ ਕਵੀਆਂ ਦੀ ਰਚਨਾਵਾਂ ਤੇ ਕੁਝ ਉਸ ਵਕਤ ਦੇ ਪ੍ਰਚੱਲਤ ਸਾਸਤਰ । ਇਹ 'ਗ੍ਰੰਥ' ਗੁਰੂ ਗ੍ਰੰਥ ਸਾਹਿਬ ਨਹੀਂ ਜਿਸ ਦੀਆਂ ਰਚਨਾਵਾਂ ਨੂੰ ਅਲੱਗ ਅਲੱਗ ਕਰਕੇ ਨਾ ਛਾਪਿਆ ਜਾ ਸਕੇ ।

ਸੰਨ 2002 ਵਿੱਚ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਹੋਇਆ ਸੀ ਕਿ ਦਸਮ ਗ੍ਰੰਥ ਬਾਰੇ ਚਰਚਾ ਅਖਬਾਰਾਂ/ਰਸਾਲਿਆਂ ਰਾਹੀਂ ਨਾ ਕੀਤੀ ਜਾਵੇ ਜਦੋਂ ਤੱਕ ਕੋਈ ਪ੍ਰੰਥਕ ਫੈਸਲਾ ਨਹੀਂ ਹੋ ਜਾਂਦਾ । ਪਰ ਇਸ ਗੱਲ ਨੂੰ 12 ਸਾਲ ਬੀਤ ਚੁਕੇ ਹਨ, ਪਰ ਨਾ ਐਸ ਜੀ ਪੀ ਸੀ ਵਲੋਂ ਕੋਈ ਕਦਮ ਚੁੱਕਿਆ ਗਿਆ ਹੈ, ਨਾ ਪੰਥ ਨੂੰ ਕੋਈ ਸੇਧ ਦਿੱਤੀ ਗਈ ਹੈ ਅਤੇ ਨਾ ਹੀ ਕੋਈ ਨਿਰਨਾਇਕ ਆਦੇਸ਼ । ਇਸ ਕਾਰਨ ਸਿੱਖ ਜਗਤ ਵਿੱਚ ਉਤਾਵਲਾਪੰਨ ਆ ਗਿਆ ਹੈ ਜੋ ਸੁਭਾਵਿਕ ਹੈ ।

ਇਹ ਵੀ ਕਾਬਿਲੇ ਗੌਰ ਹੈ ਕਿ ਐਸ ਜੀ ਪੀ ਸੀ ਵਲੋਂ 3-8-1972 ਨੂੰ ਇਕ ਸਪੈਸ਼ਲ ਮੀਟਿੰਗ ਦਸਮ ਗ੍ਰੰਥ ਦੇ 'ਚਰਿਤ੍ਰੋਪਾਖਿਆਨ' ਸਬੰਧੀ ਕੀਤੀ ਗਈ ਸੀ ਅਤੇ ਇਸੇ ਮੀਟਿੰਗ ਰਾਹੀਂ ਪੱਤਰ ਨੰਬਰ 36672 ਰਾਹੀਂ ਇਹ ਵੀ ਘੋਸ਼ਿਤ ਕੀਤਾ ਸੀ ਕਿ ਇਸ ਗ੍ਰੰਥ ਵਿੱਚ ਤਿੰਨ ਰਚਨਾਵਾਂ ਹਿੰਦੂ ਕਾਲਪਨਿਕ ਹਨ ਅਤੇ ਇਨ੍ਹਾਂ ਦਾ ਦਸਮ ਪਾਤਸ਼ਾਹ ਨਾਲ ਕੋਈ ਸਬੰਧ ਨਹੀਂ । ਇਸ ਲਈ ਇਹ ਐਸ ਜੀ ਪੀ ਸੀ ਵਲੋਂ ਪਹਿਲਾਂ ਹੀ ਮੰਨਿਆ ਜਾ ਚੁਕਾ ਹੈ ਕਿ ਇਸ ਵਿੱਚ 'ਚਰਿਤ੍ਰੋਪਾਖਿਆਨ' ਸਮੇਤ 923 ਪੰਨੇ ਪੁਰਾਣਿਕ ਮਿੱਥ ਹੈ ਅਤੇ ਇਸ ਦਾ ਗੁਰੂ ਸਾਹਿਬ ਨਾਲ ਕੋਈ ਸਬੰਧ ਨਹੀਂ ਹੈ ।

ਅਸੀਂ ਆਪ ਜੀ ਨੂੰ ਬੇਨਤੀ ਕਰਦੇ ਹਾਂ ਕਿ ਇਸ ਅਹਿਮ ਮੁੱਦੇ ਵੱਲ ਲੋੜੀਂਦਾ ਧਿਆਨ ਦੇ ਕੇ ਇਸ 'ਗ੍ਰੰਥ' ਦੇ ਹੱਕ ਵਿੱਚ ਅਤੇ ਵਿਰੋਧ ਵਿੱਚ ਵਿਚਾਰ ਰੱਖਣ ਵਾਲੇ ਵਿਦਵਾਨਾਂ ਦੀ ਕਮੇਟੀ ਬਣਾ ਕੇ ਇਸ ਉਤੇ ਢੁਕਵਾਂ ਵਿਚਾਰ-ਵਟਾਂਦਰਾ ਕਰਵਾਇਆ ਜਾਵੇ ਤਾਂ ਜੋ ਕਿਸੇ ਫੈਸਲੇ ਪਹੁੰਚਿਆ ਜਾ ਸਕੇ । ਪੰਥ ਨੂੰ ਇਕ ਜੁਟ ਰੱਖਣ ਲਈ ਇਹ ਲਾਜ਼ਮੀ ਹੈ ।

ਇਸ ਕੰਮ ਵਿੱਚ ਜੋ ਸੇਵਾ ਆਪ ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਨੂੰ ਲਗਾਵੋਗੇਂ ਅਸੀਂ ਖਿੜੇ ਮੱਥੇ ਨਿਭਾਕੇ ਆਪਣੀ ਪੰਥ ਪ੍ਰਤੀ ਸੇਵਾ ਲਈ ਹਾਜ਼ਰ ਹਾਂ ।

ਸਤਿਕਾਰ ਸਹਿਤ
ਪੰਥ ਦੇ ਦਾਸ,

(ਬਰਿੰਦਰਾ ਕੌਰ)
ਪ੍ਰਧਾਨ